# ਪੰਜਾਬ ਸਰਕਾਰ, ਜਲ ਸਰੋਤ ਵਿਭਾਗ

## ਦਫਤਰੀ ਹੁਕਮ

ਇਸ ਦਫਤਰ ਦੇ ਦਫਤਰੀ ਹੁਕਮ ਨੰ:I/912047/3ਈ.ਈ-2, ਮਿਤੀ:27-08-2024 ਦੀ ਅਧਿਲੰਘਣਾ ਵਿੱਚ ਸ੍ਰੀ ਪਵਨ ਕੁਮਾਰ ਪੁੱਤਰ ਸ੍ਰੀ ਸਤਪਾਲ, ਉਪ ਮੰਡਲ ਅਫਸਰ ਜਿਨ੍ਹਾਂ ਨੂੰ ਪੱਤਰ ਨੰਬਰ 294-99/5ਈਈ-2/2024 ਮਿਤੀ 07.06.2024 ਰਾਹੀਂ ਪੰਜਾਬ ਸਿਵਲ ਸੇਵਾਵਾਂ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 10 ਅਧੀਨ ਸ਼ੋ ਕਾਜ ਨੋਟਿਸ ਜਾਰੀ ਕੀਤਾ ਗਿਆ ਸੀ। ਜਿਸ ਵਿੱਚ ਹੇਠ ਦਰਸਾਏ ਅਨੁਸਾਰ ਦੋਸ਼ ਲਗਾਏ ਗਏ ਸਨ-

"ਆਪ ਬਤੌਰ ਉਪ ਮੰਡਲ ਅਫਸਰ, ਜਲ ਨਿਕਾਸ-ਕਮ-ਮਾਈਨਿੰਗ ਉਪ ਮੰਡਲ, ਗੜ੍ਹਸ਼ੰਕਰ ਵਿਖੇ ਤੈਨਾਤ ਹੋ। ਨਿਗਰਾਨ ਇੰਜੀਨੀਅਰ/ ਰੋਪੜ, ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ ਹਲਕਾ, ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਮਿਤੀ 03.06.2024 ਨੂੰ ਬੈਂਬੂ ਨਰਸਰੀ ਦੇ ਕੰਮਾ ਨੂੰ ਰਿਵਿਊ ਕਰਨ ਲਈ ਵੀ.ਸੀ. ਮੀਟਿੰਗ ਕੀਤੀ ਗਈ। ਇਸ ਸੰਬੰਧੀ ਪਿਛਲੇ ਕਾਫੀ ਸਮੇਂ ਤੋਂ ਬੈਬੂ ਨਰਸਰੀ ਤਿਆਰ ਕਰਨ ਲਈ ਵੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਰਹੀਆਂ ਹਨ। ਮਿਤੀ 03.06.2024 ਨੂੰ ਹੋਈ ਵੀ.ਸੀ. ਮੀਟਿੰਗ ਦੌਰਾਨ ਕਾਰਜਕਾਰੀ ਇੰਜੀਨੀਅਰ/ਹੁਸ਼ਿਆਰਪੁਰ ਵੱਲੋਂ ਦੱਸਣ ਅਨੁਸਾਰ ਆਪ ਵੱਲੋਂ ਬੈਂਬੂ ਨਰਸਰੀ ਦੇ ਕੰਮਾਂ ਦੀ ਪ੍ਰੋਗਰੈਸ ਨਿਲ ਪਾਈ ਗਈ ਹੈ ਜਦੋਂ ਕਿ ਹੁਣ ਤੱਕ ਬੂਟੇ ਤਿਆਰ ਕਰਕੇ ਨੇੜੇ ਭਵਿੱਖ ਵਿੱਚ ਪਲਾਂਟੇਸ਼ਨ ਕੀਤੀ ਜਾਣੀ ਹੈ ਅਤੇ ਆਮ ਤੌਰ ਤੇ ਆਪ ਵੱਲੋਂ ਨਿਗਰਾਨ ਇੰਜੀਨੀਅਰ/ਰੋਪੜ, ਜਲ ਨਿਕਾਸ ਕਮ ਮਾਈਨਿੰਗ ਅਤੇ ਜਿਆਲੋਜੀ ਹਲਕਾ, ਜਲ ਸਰੋਤ ਵਿਭਾਗ, ਪੰਜਾਬ ਵੱਲੋਂ ਕੀਤੀਆਂ ਜਾਂਦੀਆਂ ਮੀਟਿੰਗਾਂ ਵੀ ਅਟੈਂਡ ਨਹੀਂ ਕੀਤੀਆਂ ਜਾਂਦੀਆਂ"।

ਅਧਿਕਾਰੀ ਵੱਲੋਂ ਆਪਣਾ ਜਵਾਬ ਸਰਕਾਰ ਨੂੰ ਪੇਸ਼ ਕੀਤਾ ਗਿਆ ਹੈ।

ਸ੍ਰੀ ਪਵਨ ਕੁਮਾਰ ਪੁੱਤਰ ਸ੍ਰੀ ਸੁਖਪਾਲ, ਉਪ ਮੰਡਲ ਅਫਸਰ ਉਪ ਮੰਡਲ ਅਫਸਰ ਵੱਲੋਂ ਮਿਤੀ 12.08.2024 ਨੂੰ ਹੋਈ ਨਿੱਜੀ ਸੁਣਵਾਈ ਦੌਰਾਨ ਮਾਨਯੋਗ ਪ੍ਰਮੁੱਖ ਸਕੱਤਰ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਬੈਂਬੂ ਨਰਸਰੀ ਤਿਆਰ ਕਰਨ ਵਿੱਚ ਪੂਰੇ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਵੱਧ ਤੋਂ ਵੱਧ ਬੈਂਬੂ ਦੇ ਦਰੱਖਤ ਲਗਾਏ ਜਾਣਗੇ।

ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਧਿਕਾਰੀ ਨੂੰ ਜਾਰੀ ਕੀਤਾ ਸ਼ੋ ਕਾਜ ਨੋਟਿਸ ਦਾਖਲ ਦਫਤਰ ਕੀਤਾ ਜਾਂਦਾ ਹੈ।

ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਮਿਤੀ 22.08.2024
ਸਥਾਨ ਚੰਡੀਗੜ੍ਹ ।

ਕ੍ਰਿਸ਼ਨ ਕੁਮਾਰ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ ।

ਪਿੱਠ ਅੰਕਣ ਨੰਬਰ I/914150/3ਈਈ-2/2024 ਮਿਤੀ 28/08/2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ **By E-mail** ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1.. ਮੁੱਖ ਇੰਜੀਨੀਅਰ/ ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
2. ਮੁੱਖ ਇੰਜੀਨੀਅਰ/ ਚੌਕਸੀ ਅਤੇ ਕੁਆਲਟੀ ਐਸੋਰੈਸ, ਜਲ ਸਰੋਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਨਿਗਰਾਨ ਇੰਜੀਨੀਅਰ/ ਕੰਢੀ ਨਹਿਰ ਅਤੇ ਡੈਮ ਹਲਕਾ, ਜਲ ਸਰੋਤ ਵਿਭਾਗ, ਪੰਜਾਬ, ਹੁਸ਼ਿਆਰਪੁਰ।
4. ਕਾਰਜਕਾਰੀ ਇੰਜੀਨੀਅਰ/ਕੰਢੀ ਕੈਨਾਲ 3 ਅਤੇ ਗਰਾਊਂਡ ਵਾਟਰ ਮੰਡਲ, ਜਲ ਸਰੋਤ ਵਿਭਾਗ, ਪੰਜਾਬ, ਹੁਸ਼ਿਆਰਪੁਰ।
5. ਕਾਰਜਕਾਰੀ ਇੰਜੀਨੀਅਰ/ਆਈ.ਟੀ-ਕਮ-ਜੀ.ਆਈ.ਐਸ ਅਤੇ ਡਿਜੀਲਾਈਜੇਸ਼ਨ ਜਲ ਸਰੋਤ ਵਿਭਾਗ, ਪੰਜਾਬ (ਮੁੱਖ ਦਫਤਰ), ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਜਲ ਸਰੋਤ ਵਿਭਾਗ ਦੀ ਵੈੱਬਸਾਈਟ ਤੇ ਇਹ ਹੁਕਮ ਅਪਲੋਡ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।
6. ਸੁਪਰਡੈਂਟ/ਪੈਨਸ਼ਨ ਸ਼ਾਖਾ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ।
7. ਸ੍ਰੀ ਪਵਨ ਕੁਮਾਰ ਪੁੱਤਰ ਸ੍ਰੀ ਸਤਪਾਲ ਉਪ ਮੰਡਲ ਅਫਸਰ, ਮੋਬਾਇਲ ਨੰ.94657-60889 (ਵਟਸਐਪ ਰਾਹੀਂ ਸੂਚਿਤ ਕਰਨ ਹਿੱਤ)।

ਸੁਪਰਡੈਂਟ/ਈਈ-2, 28/08/24
ਵਾ. ਮੁੱਖ ਇੰਜੀਨੀਅਰ/ਹੈੱਡਕੁਆਟਰ, ਜਲ ਸਰੋਤ ਵਿਭਾਗ,
ਪੰਜਾਬ, ਚੰਡੀਗੜ੍ਹ ।

ਕਾਪੀ:-

ਸੁਪਰਡੈਂਟ/ਚਾਰਜਸ਼ੀਟ ਸੈੱਲ, ਜਲ ਸਰੋਤ ਵਿਭਾਗ ਪੰਜਾਬ, ਚੰਡੀਗੜ੍ਹ।